# 16
# ‘‘ਮੇਰਾ ਰਾਜ ਇਸ ਜਗਤ ਦਾ ਨਹੀਂ ਹੈ’’

ਮਹਾਂਸਭਾ ਦੇ ਸਾਹਮਣੇ ਪੇਸ਼ੀ ਦੌਰਾਨ, ਯਿਸੂ ਤੇ ਕੁਫ਼ਰ ਬਕਣ ਦਾ ਇਲਜ਼ਾਮ ਲਾਇਆ ਗਿਆ ਸੀ (ਮੱਤੀ 26:65)। ਅਦਾਲਤ ਦੇ ਸਾਹਮਣੇ ਲਿਆਏ ਜਾਣ ਤੇ, ਇਕ ਨਵਾਂ ਦੋਸ਼ ਲਗਾਉਣਾ ਜ਼ਰੂਰੀ ਸੀ। ਉਹ ਕਹਿੰਦੇ ਸਨ ਕਿ ‘‘ਅਸੀਂ ਇਹਨੂੰ ਲੋਕਾਂ ਨੂੰ ਭੜਕਾਉਂਦੇ ਅਤੇ ਕੈਸਰ ਨੂੰ ਜਜ਼ੀਆ ਦੇਣੋਂ ਮਨ੍ਹਾ ਕਰਦੇ ਅਤੇ ਆਪਣੇ ਆਪ ਨੂੰ ਮਸੀਹ ਰਾਜਾ ਕਹਿੰਦੇ ਹੋਏ ਸੁਣਿਆ ਹੈ’’ (ਲੂਕਾ 23:2)। ਪੇਸ਼ੀ ਦੌਰਾਨ, ਪਿਲਾਤੁਸ ਨੇ ਯਿਸੂ ਤੋਂ ਪੁੱਛਿਆ ਸੀ, ‘‘ਭਲਾ ਤੂੰ ਯਹੂਦੀਆਂ ਦਾ ਰਾਜਾ ਹੈ?’’ ਯਿਸੂ ਨੇ ਜਵਾਬ ਦਿੱਤਾ ‘‘ਮੇਰਾ ਰਾਜ ਇਸ ਜਗਤ ਦਾ ਨਹੀਂ’’ (ਵੇਖੋ ਯੂਹੰਨਾ 18:33-37)।

## ਸੰਸਾਰਕ ਰਾਜ ਨਹੀਂ

ਮਸੀਹ ਦਾ ਰਾਜ ਇਸ ਜਗਤ ਦਾ ਨਹੀਂ ਹੈ। ਇਹ ਕੋਈ ਦੁਨਿਆਵੀ ਰਾਜ ਨਹੀਂ ਹੈ। ਮਸੀਹ ਸੰਸਾਰਕ ਰਾਜਾ ਨਹੀਂ ਹੈ। ਇਸ ਕਰਕੇ ਉਹਦਾ ਕੈਸਰ ਨਾਲ ਕੋਈ ਟਕਰਾਅ ਨਹੀਂ ਸੀ। ਜਿਵੇਂ ਪੌਲੁਸ ਨੇ ਕਿਹਾ, ‘‘ਪ੍ਰਮੇਸ਼ਵਰ ਦਾ ਰਾਜ ਖਾਣਾ ਪੀਣਾ ਨਹੀਂ’’ (ਰੋਮੀਆਂ 14:17)। ਯਿਸੂ ਨੇ ਕਿਹਾ, ‘‘ਪ੍ਰਮੇਸ਼ਵਰ ਦਾ ਰਾਜ ਪ੍ਰਗਟ ਰੂਪ ਵਿਚ ਨਹੀਂ ਆਉਂਦਾ’’ (ਲੂਕਾ 17:20)। ਇਹ ਰੂਹਾਨੀ ਹੈ, ਦੁਨਿਆਵੀ ਨਹੀਂ। ਇਹ ਹਜ਼ਾਰ-ਸਾਲਾ ਰਾਜ ਦੇ ਵਿਚਾਰ ਦਾ ਖੰਡਨ ਹੈ।

ਮਸੀਹ ਦੇ ਰਾਜ ਵਿਚ ਇਸ ਮੁੱਦੇ ’ਤੇ ਵੀ ਜ਼ੋਰ ਦਿੱਤਾ ਜਾਂਦਾ ਹੈ ਕਿ ਇਹ ਧਰਤੀ ਦੇ ਰਾਜਾਂ ਨੂੰ ਮਿਲਾ ਕੇ ਨਹੀਂ ਮਿਲਦਾ। ਕਲੀਸੀਆ ਅਤੇ ਦੁਨਿਆਵੀ ਰਾਜ ਦੋਵੇਂ ਵੱਖੋ-ਵੱਖ ਹਨ ਭਾਵ ਉਨ੍ਹਾਂ ਨੂੰ ਮਿਲਾਇਆ ਨਹੀਂ ਜਾ ਸਕਦਾ। ਦੋਹਾਂ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਕੋਈ ਦੋਹਾਂ ਰਾਜਾਂ ਦਾ ਬਸ਼ਿੰਦਾ ਹੋ ਸਕਦਾ ਹੈ। ਉਹਨੂੰ ਕੈਸਰ ਦੀ ਥਾਂ ਕੈਸਰ ਨੂੰ ਅਤੇ ਖ਼ੁਦਾ ਦੀ ਥਾਂ ਖ਼ੁਦਾ ਨੂੰ ਦੇਣੀ ਹੋਵੇਗੀ (ਮੱਤੀ 22:17-21; ਰੋਮੀਆਂ 13:7; 1 ਪਤਰਸ 2:17)।

ਯਿਸੂ ਦੇ ਜਵਾਬ ਦੀ ਪਿਲਾਤੁਸ ਨੂੰ ਸਮਝ ਨਹੀਂ ਆਈ, ਜੋ ਰਾਜ ਨੂੰ ਦੁਨਿਆਵੀ ਅਰਥ ਵਿਚ ਲੈ ਰਿਹਾ ਸੀ। ਉਹਨੇ ਪੁੱਛਿਆ ਸੀ, ‘‘ਤਾਂ ਕੀ ਤੂੰ ਰਾਜਾ ਹੈਂ?’’ (ਯੂਹੰਨਾ 18:37)। ਦੁਨਿਆਵੀ ਅਰਥ ਕੱਢਣ ਵਾਲਿਆਂ ਲਈ ਇਸ ਰਾਜ ਦੀਆਂ ਮਹਾਨ ਸੱਚਾਈਆਂ ਦਾ ਕੋਈ ਅਰਥ ਨਹੀਂ ਹੈ।

## ਸੰਸਾਰਕ ਦਾਅ ਪੇਚ ਨਹੀਂ

ਮਸੀਹ ਦਾ ਰਾਜ ਇਸ ਸੰਸਾਰ ਦਾ ਇਸ ਲਈ ਨਹੀਂ ਹੈ ਕਿਉਂਕਿ ਇਸ ਵਿਚ ਸੰਸਾਰਕ ਰਾਜਾਂ ਵਿਚ ਵਰਤੇ ਜਾਂਦੇ ਦਾਅ ਪੇਚ ਨਹੀਂ ਹਨ। ਅਸਲ 'ਚ, ਇਸ ਨਾਲ ਸਬੰਧਤ ਬਹੁਤਿਆਂ ਮਾਮਲਿਆਂ ਵਿਚ ਖ਼ੁਦਾਈ ਪ੍ਰਕਿਰਿਆ ਸੰਸਾਰਕ ਬੁੱਧ ਦੇ ਬਿਲਕੁਲ ਉਲਟ ਹੈ।

ਇਹਦੇ ਰਾਜੇ ਦਾ ਜਨਮ ਅਤੇ ਉਹਦੇ ਘਰੇਲੂ ਜੀਵਨ ਦੇ ਹਾਲਾਤ ਸੰਸਾਰਿਕ ਇੱਛਾਵਾਂ ਤੋਂ ਬਿਲਕੁਲ ਫ਼ਰਕ ਸਨ। ਉਹਦੇ ਜਨਮ ਦੀ ਥਾਂ ਕਿੰਨੀ ਗੁੰਮਨਾਮ, ਕਿੰਨੀ ਹਲੀਮ ਅਤੇ ਕਿੰਨੀ ਛੋਟੀ ਜਿਹੀ ਸੀ। ਨਗਰ ਵਿਚ ਜਾਣ ਸਮੇਂ ਉਹਦੀ ਕੋਈ ਹਵੇਲੀ ਨਹੀਂ ਸੀ, ਵਾਜੇ-ਗਾਜੇ ਨਹੀਂ ਸਨ, ਉਹਦੇ ਸਵਾਗਤ ਲਈ ਨਾਮ-ਚੀਨ ਲੋਕ ਨਹੀਂ ਸਨ। ਤੁੱਛ ਸਮਝੇ ਜਾਣ ਵਾਲੇ ਨਾਸਰਤ ਨਾਮਕ ਉਸ ਨਗਰ ਵਿਚ ਤਰਖਾਣ ਦੀ ਨਿੱਕੀ ਜਿਹੀ ਦੁਕਾਨ ਦੀ ਕਲਪਨਾ ਕਰੋ। ਨਥਾਨੀਏਲ ਨੇ ਆਪਣੇ ਵੇਲੇ ਦੀ ਆਮ ਭਾਵਨਾ ਹੀ ਜਤਾਈ ਸੀ: ''ਭਲਾ ਕੋਈ ਉੱਤਮ ਵਸਤੂ ਵੀ ਨਾਸਰਤ ਵਿੱਚੋਂ ਨਿਕਲ ਸਕਦੀ ਹੈ?'' (ਯੂਹੰਨਾ 1:46)।

ਯਿਸੂ ਨੇ ਆਪਣੇ ਰਾਜ ਦੀ ਸ਼ੁਰੂਆਤ ਵਿਚ ਮਦਦ ਲਈ ਕੁਝ ਲੋਕਾਂ ਨੂੰ ਚੁਣਿਆ। ਉਹਨੇ ਅਮੀਰਾਂ, ਫ਼ਿਲਾਸਫ਼ਰਾਂ, ਸਿਆਸਤਦਾਨਾਂ ਨੂੰ ਨਹੀਂ, ਸਗੋਂ ਆਮ ਸਮਝੇ ਜਾਣ ਵਾਲੇ ਗ਼ਰੀਬ ਲੋਕਾਂ ਨੂੰ ਚੁਣਿਆ। ਛੇਤੀ ਹੀ ਸੰਸਾਰ ਦਾ ਧਨ, ਪ੍ਰਸਿੱਧੀ ਅਤੇ ਪ੍ਰਭਾਵ ਉਹਦੇ ਖ਼ਿਲਾਫ਼ ਖੜੇ ਹੋ ਗਏ (ਰਸੂਲਾਂ ਦੇ ਕੰਮ 4:26, 27)। ਯਿਸੂ ਵੱਲੋਂ ਚੁਣੇ ਗਏ ਲੋਕ ਸੰਸਾਰਕ ਬੁੱਧ ਨਾਲ ਚੁਣੇ ਗਏ ਲੋਕਾਂ ਨਾਲੋਂ ਕਿੰਨੇ ਫ਼ਰਕ ਸਨ। ਦੁਨਿਆਵੀ ਨਜ਼ਰੀਏ ਤੋਂ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਕਾਮਯਾਬੀ ਨਹੀਂ ਮਿਲੀ ਸੀ।

ਆਓ ਯਰੂਸ਼ਲਮ ਵਿਚ ਰਾਜ ਦੇ ਅਰੰਭ ਦੇ ਦਿਨ 'ਤੇ ਵਿਚਾਰ ਕਰਦੇ ਹਾਂ (ਰਸੂਲਾਂ ਦੇ ਕੰਮ 2)। ਇੱਥੇ ਚੇਲਿਆਂ ਨੇ ਆਪਣੀ ਫ਼ਤਹਿ ਦਾ ਪਹਿਲਾ ਉਪਦੇਸ਼ ਦਿੱਤਾ। ਅਗਲੀ ਅੱਧੀ ਸਦੀ ਤਕ ਉਨ੍ਹਾਂ ਦੇ ਮਗਰ-ਮਗਰ ਚੱਲਦਿਆਂ ਅਸੀਂ ਰਾਈ ਦੇ ਬੀ ਨੂੰ ਦਰੱਖ਼ਤ ਬਣਦੇ ਵੇਖਦੇ ਹਾਂ (ਮੱਤੀ 13:31, 32)। ਕਿੰਨੀ ਜ਼ਬਰਦਸਤ ਕਾਮਯਾਬੀ ਹੈ! ਭਲਾ ਉਨ੍ਹਾਂ ਦੀ ਸ਼ਕਤੀ ''ਇਸ ਜਗਤ ਦੀ'' ਸੀ? ਅਸਲ 'ਚ, ਇਹ ਸ਼ਕਤੀ ਇਸ ਜਗਤ ਦੀ ਨਹੀਂ ਸੀ। ਉਨ੍ਹਾਂ ਦੀਆਂ ਕੋਸ਼ਿਸ਼ਾਂ ਪਿੱਛੇ ਇਕ ਅਜਿਹੀ ਸ਼ਕਤੀ ਸੀ ਜੋ ਮਨੁੱਖੀ ਸੋਚ ਤੋਂ ਉੱਪਰ ਹੈ। ਪਹਿਲੀ ਸਦੀ ਦੇ ਚੇਲਿਆਂ ਦੀ ਕਾਮਯਾਬੀ ਦੀ ਵਿਆਖਿਆ ਦਾ ਇੱਕੋ ਮੰਨਣਯੋਗ ਤੱਥ ਇਹ ਹੈ ਕਿ ਉਹ ਜੋ ਸੰਦੇਸ਼ ਸੁਣਾਉਂਦੇ ਸਨ ਉਹ ''ਇਸ ਜਗਤ ਦਾ ਨਹੀਂ'' ਸੀ। ਆਪਣੀ ਕਾਮਯਾਬੀ ਲਈ ਉਹ ਇਸ ਸ਼ਕਤੀ 'ਤੇ ਨਿਰਭਰ ਸਨ ਜੋ ''ਇਸ ਜਗਤ ਦੀ ਨਹੀਂ।''

ਉਸ ਰਾਜ ਵਿਚ ਵੜਨ ਦੀਆਂ ਕੀ ਸ਼ਰਤਾਂ ਹਨ? ਇਹਦੇ ਸ਼ੁਰੂ ਦੇ ਦਿਨ, ਪਤਰਸ ਨੇ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੇ ਉਹਦੇ ਉਪਦੇਸ਼ ਤੋਂ ਕਾਇਲ ਹੋ ਕੇ ਆਪਣੇ ਪਾਪਾਂ ਨੂੰ ਮੰਨ ਲਿਆ ਸੀ, ਦੱਸਿਆ ''ਤੌਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ-ਆਪਣੇ ਪਾਪਾਂ ਦੀ ਮਾਫ਼ੀ ਲਈ ਯਿਸੂ ਮਸੀਹ ਦੇ ਨਾਮ ਵਿਚ ਬਪਤਿਸਮਾ ਲਵੇ ...'' (ਰਸੂਲਾਂ ਦੇ ਕੰਮ 2:38)। ਯਕੀਨਨ ਹੀ, ਰਾਜ ਵਿਚ ਜਾਣ ਦੇ ਤਰੀਕੇ ਵਜੋਂ ਵਿਸ਼ਵਾਸ ਕਰਨ, ਤੌਬਾ ਕਰਨ ਅਤੇ ਬਪਤਿਸਮੇ ਦਾ ਢੰਗ ਸੰਸਾਰਕ ਬੁੱਧ ਨੇ ਨਹੀਂ ਸੁਝਾਇਆ ਸੀ। ਮਨੁੱਖੀ ਬੁੱਧ ਬਪਤਿਸਮੇ ਦਾ ਸੁਝਾਅ ਨਹੀਂ ਦਿੰਦੀ ਹੈ। ਇਹ ਤਾਂ ਪਹਿਲ ਕਰਕੇ ਬਪਤਿਸਮੇ ਦਾ ਵਿਰੋਧ ਕਰਦੀ ਹੈ। ਪਰ ਮੁੱਢਲੇ ਚੇਲਿਆਂ ਨੇ ਇਸ ਯੋਜਨਾ ਨੂੰ ਨਾ ਸਿਰਫ਼ ਯਰੂਸ਼ਲਮ ਵਿਚ ਸਗੋਂ ਹਰ ਥਾਂ ਠਹਿਰਾਇਆ (ਰਸੂਲਾਂ ਦੇ ਕੰਮ 8:12, 38; 9:18;

10:48; 16:31-34; 18:8; 19:5 )। ਇਹ ਅਜਿਹਾ ਰਾਜ ਸੀ ਜੋ ''ਇਸ ਜਗਤ ਦਾ ਨਹੀਂ।''

ਇਹਦੇ ਇਲਾਵਾ, ਅਸੀਂ ਮੁੱਢਲੇ ਚੇਲਿਆਂ ਨੂੰ ਇਕ ਯਾਦਗਾਰ ਭਾਵ ਰਾਜੇ ਦੀ ਮੌਤ ਦੀ ਯਾਦ ਵਿਚ ਇਕ ਯਾਦਗਾਰ ਦੇ ਤੌਰ ਤੇ ਮਨਾਉਂਦੇ ਵੇਖਦੇ ਹਾਂ। ਇਹ ਇਕ ਆਮ ਭੋਜ ਭਾਵ ਪ੍ਰਭੂ ਭੋਜ ਸੀ (ਲੂਕਾ 22:29, 30; ਰਸੂਲਾਂ ਦੇ ਕੰਮ 20:7; ਮਰਕੁਸ 14:22-24)। ਉਹਦੀ ਦੇਹ ਦੀ ਯਾਦ ਵਿਚ ਰੋਟੀ ਅਤੇ ਉਹਦੇ ਲਹੂ ਦੀ ਯਾਦ ਵਿਚ ਦਾਖਰਸ। ਭਲਾ ਅਜਿਹੀ ਯਾਦਗਾਰ ਮਨੁੱਖੀ ਬੁੱਧ ਬਣਾ ਸਕਦੀ ਸੀ? ਸਾਫ਼ ਲਗਦਾ ਹੈ ਕਿ ਪ੍ਰਭੂ ਭੋਜ ਦੀ ਸ਼ੁਰੂਆਤ ਮਨੁੱਖ ਨੇ ਨਹੀਂ ਕੀਤੀ। ਇਹ ਮਨੁੱਖ ਵੱਲੋਂ ਨਹੀਂ ਸਗੋਂ ਖ਼ੁਦਾ ਵੱਲੋਂ ਹੈ।

ਪੌਲੁਸ ਨੇ ਇਕ ਮਹਾਨ ਸਿਧਾਂਤ 'ਤੇ ਟਿੱਪਣੀ ਕੀਤੀ ਜੋ ਖ਼ੁਦਾ ਦੇ ਕੰਮਾਂ ਵਿਚ ਸਪੱਸ਼ਟ ਹੈ:

> ਸਗੋਂ ਸੰਸਾਰ ਦੇ ਮੂਰਖਾਂ ਨੂੰ ਪ੍ਰਮੇਸ਼ਵਰ ਨੇ ਚੁਣ ਲਿਆ ਭਈ ਬੁੱਧਵਾਨਾਂ ਨੂੰ ਲੱਜਿਆਵਾਨ ਕਰੇ ਅਤੇ ਸੰਸਾਰ ਦੇ ਨਿਰਬਲਾਂ ਨੂੰ ਪ੍ਰਮੇਸ਼ਵਰ ਨੇ ਚੁਣ ਲਿਆ ਭਈ ਬਲਵੰਤਾਂ ਨੂੰ ਲੱਜਿਆਵਾਨ ਕਰੇ। ... ਭਈ ਉਨ੍ਹਾਂ ਨੂੰ ਜਿਹੜੇ ਹਨ ਅਕਾਰਥ ਕਰੇ ਤਾਂ ਕਿ ਕੋਈ ਬਸ਼ਰ ਪ੍ਰਮੇਸ਼ਵਰ ਦੇ ਅੱਗੇ ਘੁਮੰਡ ਨਾ ਕਰੇ (1 ਕੁਰਿੰਥੀਆਂ 1:27-29)।

ਉਹਨੇ ਇਹ ਵੀ ਲਿਖਿਆ, ''ਸਲੀਬ ਦੀ ਕਥਾ ਨਾਸ ਹੋਣ ਵਾਲਿਆਂ ਲਈ ਮੂਰਖਤਾ ਹੈ'' (1 ਕੁਰਿੰਥੀਆਂ 1:18)। ਮਸੀਹ ਦਾ ਰਾਜ ਬਹੁਤ ਸਾਰੇ ਲੋਕਾਂ ਲਈ ਠੋਕਰ ਦੀ ਚੱਟਾਨ ਹੈ ਕਿਉਂਕਿ ਉਨ੍ਹਾਂ ਇਸ ਦੀ ਬੁੱਧੀ ਦੇ ਮਾਪ ਅਨੁਸਾਰ ਮੇਲ ਨਹੀਂ ਖਾਂਦਾ। ਇਹ ਗੱਲ ਸਦਾ ਚੇਤੇ ਰੱਖੀਏ ਕਿ ਇਸ ਰਾਜ ਵਿਚ ਜੋ ਕਿ ''ਇਸ ਜਗਤ ਦਾ ਨਹੀਂ'' ਖ਼ੁਦਾ ਨੇ ਆਪਣੀ ਅਜਿਹੀ ਪਸੰਦ ਰੱਖੀ ਹੈ ਜੋ ਬੁੱਧਵਾਨਾਂ ਦੀ ਨਜ਼ਰ 'ਚ ਮੂਰਖਤਾ ਹੈ।

## ਸੰਸਾਰਕ ਭਵਿੱਖ ਨਹੀਂ

ਅਖ਼ੀਰ ਵਿਚ, ਇਸ ਸੰਸਾਰ ਵਿਚ ਇਸ ਰਾਜ ਦਾ ਸੰਸਾਰਕ ਭਵਿੱਖ ਨਹੀਂ ਹੈ। ਇਹ ਉਹ ਰਾਜ ਹੈ ਕਦੇ ਨਾ ਟੁੱਟੇਗਾ ''ਸਗੋਂ ਸਦਾ ਰਹੇਗਾ'' (ਦਾਨੀਏਲ 2:44)। ਲੂਕਾ 1:33 ਕਹਿੰਦਾ ਹੈ, ''ਉਹਦੇ ਰਾਜ ਦਾ ਅੰਤ ਨਾ ਹੋਵੇਗਾ।'' ਇਬਰਾਨੀਆਂ 12:28 ਵਿਚ ਅਸੀਂ ਪੜ੍ਹਦੇ ਹਾਂ ''ਇਸ ਰਾਜ ਨੂੰ ਪਾ ਕੇ ਜਿਹੜਾ ਹਿਲਾਇਆ ਨਹੀਂ ਜਾਂਦਾ।'' ਹਿਲਾਏ ਜਾਣ ਵਾਲੇ ਰਾਜਾਂ ਅਤੇ ਆਰਜ਼ੀ ਸ਼ਕਤੀਆਂ ਵਿਚ, ਇਹ ਜਾਣਨਾ ਹੌਸਲਾ ਦਿੰਦਾ ਹੈ ਕਿ ਇਸ ਸੰਸਾਰ ਅਤੇ ਤੱਤਾਂ ਦੇ ਅੱਗ ਤੋਂ ਬਹੁਤ ਹੀ ਤਪ ਕੇ ਪਿਘਲ ਜਾਣ ਦੇ ਬਾਅਦ ਵੀ ਰਾਜ ਕਾਇਮ ਰਹੇਗਾ।

## ਸਾਰ

ਜੇ ਤੁਸੀਂ ਇਸ ਰਾਜ ਦੇ ਲੋਕ ਬਣੇ ਰਹਿਣਾ ਚਾਹੁੰਦੇ ਹੋ ਤਾਂ ਤੁਸੀਂ ਇਹ ਬਰਕਤ ਪਾ ਸਕਦੇ ਹੋ। ਰਾਜ ਵਿਚ ਆਉਣ ਦੀਆਂ ਸ਼ਰਤਾਂ ਉਹੀ ਹਨ ਜੋ ਉਦੋਂ ਸਨ ਜਦ ਇਹ ਰਾਜ ਕਾਇਮ ਹੋਇਆ ਸੀ। ਉਹ ਸ਼ਰਤਾਂ ਕੀ ਹਨ? ਮਸੀਹੀ ਬਣ ਕੇ ਇਸ ਰਾਜ ਵਿਚ ਆਇਆ ਜਾਂਦਾ ਹੈ। ਯਿਸੂ ਨੇ ਕਿਹਾ ਕਿ ''ਖ਼ੁਦਾ ਦੇ ਰਾਜ ਵਿਚ ਵੜਨ'' ਲਈ ''ਪਾਣੀ ਅਤੇ ਆਤਮਾ ਤੋਂ'' ਜਨਮ ਲੈਣਾ ਜ਼ਰੂਰੀ ਹੈ (ਯੂਹੰਨਾ 3:5)। ਆਪਣੀ ਸੇਵਕਾਈ ਦੇ ਅਖੀਰ 'ਚ ਇਹ ਐਲਾਨ ਕਰ ਕੇ ਕਿ ''ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਉਹੀ ਬਚਾਇਆ ਜਾਵੇਗਾ, ...'' (ਮਰਕੁਸ 16:16) ਉਹਨੇ ਇਹਨੂੰ ਹੋਰ ਢੰਗ ਨਾਲ ਕਿਹਾ।